68
19/2/16

18/2/16

pstcl

# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਰਜਿ: ਦਫਤਰ: ਪੀ.ਐਸ.ਈ.ਬੀ., ਹੈਡ ਆਫਿਸ,ਦੀ ਮਾਲ,ਪਟਿਆਲਾ-147001,ਪੰਜਾਬ,ਭਾਰਤ)

ਕਾਰਪੋਰੇਟ ਆਈ.ਡੀ.ਨੰ: U40109PB2010SGC033814

ਦਫਤਰ: ਨਿਗਰਾਨ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,ਸ਼ਕਤੀ ਸਦਨ,ਪਟਿਆਲਾ।

ਫੈਕਸ ਨੰ: 0175-2220054 ਟੈਲੀਫੋਨ ਨੰ: 0175-2225907 ਵੈਬ ਸਾਇਟ: pstcl.org

ਵੱਲ

1) ਮੁੱਖ ਇੰਜੀਨੀਅਰ/ਟੀ.ਐਸ., ਪੀ.ਐਸ.ਟੀ.ਸੀ.ਐਲ.,ਪਟਿਆਲਾ।
2) ਮੁੱਖ ਇੰਜੀਨੀਅਰ/ਪੀ ਤੇ ਐਮ, ਪੀ.ਐਸ.ਟੀ.ਸੀ.ਐਲ.,ਲੁਧਿਆਣਾ।
3) ਮੁੱਖ ਇੰਜੀਨੀਅਰ/ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ.,ਅਬਲੋਵਾਲ।
4) ਸਮੂਹ ਉਪ ਮੁੱਖ ਇੰਜੀਨੀਅਰ, ਅਧੀਨ ਪੀ.ਐਸ.ਟੀ.ਸੀ.ਐਲ.।
5) ਨਿਗਰਾਨ ਇੰਜੀਨੀਅਰ/ ਪਲਾਨਿੰਗ, ਪੀ.ਐਸ.ਟੀ.ਸੀ.ਐਲ.,ਪਟਿਆਲਾ।
6) ਵਿੱਤ ਸਲਾਹਕਾਰ, ਪੀ.ਐਸ.ਟੀ.ਸੀ.ਐਲ.,ਪਟਿਆਲਾ।
7) ਸੀ.ਐਫ.ਓ., ਪੀ.ਐਸ.ਟੀ.ਸੀ.ਐਲ.,ਪਟਿਆਲਾ।
8) ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ.,ਪਟਿਆਲਾ।
9) ਉਪ ਸਕੱਤਰ/ਲੀਗਲ ਭਾਗ, ਪੀ.ਐਸ.ਟੀ.ਸੀ.ਐਲ.,ਪਟਿਆਲਾ।

ਮੀਮੋ ਨੰ: 1834/42 /Gazt./Gen-II/SE/Admn. ਮਿਤੀ:15.02.2016

ਵਿਸ਼ਾ:- **ਸੀ.ਆਰ.ਏ. 01/2011 ਅਤੇ 02/2012 ਪੀ.ਐਸ.ਟੀ.ਸੀ.ਐਲ. ਅਧੀਨ ਭਰਤੀ ਕੀਤੇ ਗਏ ਅਧਿਕਾਰੀਆਂ/ਕਰਮਚਾਰੀਆਂ ਦੀਆਂ ਵਿੱਤੀ ਸਾਲ 2015-16 ਦੀਆਂ ਗੁਪਤ ਯੋਗਤਾ ਰਿਪੋਰਟਾਂ ਦੇ ਨਾਲ ਗਰੁੱਪ ਬੀ ਕਰਮਚਾਰੀਆਂ ਦੀਆਂ ਪ੍ਰਾਪਰਟੀ ਰਿਟਰਨਾਂ ਵੀ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੀ.ਐਸ.ਟੀ.ਸੀ.ਐਲ. ਅਧੀਨ ਸਮੂਹ ਅਧਿਕਾਰੀਆਂ/ਕਰਮਚਾਰੀਆਂ ਜਿਨ੍ਹਾਂ ਨੂੰ ਸੀ.ਆਰ.ਏ. 01/2011 ਅਤੇ 02/2012 ਪੀ.ਐਸ.ਟੀ.ਸੀ.ਐਲ. ਅਧੀਨ ਭਰਤੀ ਕਰਨ ਉਪਰੰਤ ਆਪ ਜੀ ਦੇ ਦਫਤਰ ਵਿਖੇ ਤੈਨਾਤ ਕੀਤਾ ਗਿਆ ਸੀ, ਉਨ੍ਹਾਂ ਦੀਆਂ ਵਿੱਤੀ ਸਾਲ 2015-16 ਦੀਆਂ ਗੁਪਤ ਯੋਗਤਾ ਰਿਪੋਰਟਾਂ ਸਮੇਤ ਗਰੁੱਪ ਬੀ ਕਰਮਚਾਰੀਆਂ ਦੀਆਂ ਪ੍ਰਾਪਰਟੀ ਰਿਟਰਨਾਂ ਮਿਤੀ 30.04.2016 ਤੱਕ ਇਸ ਦਫਤਰ ਨੂੰ ਭੇਜਣੀਆਂ ਯਕੀਨੀ ਬਣਾਈਆਂ ਜਾਣ।ਅਧਿਕਾਰੀਆਂ/ਗਰੁੱਪ ਬੀ ਕਰਮਚਾਰੀਆਂ ਦੀਆਂ ਪ੍ਰਾਪਰਟੀ ਰਿਟਰਨਾਂ ਤੋਂ ਬਿਨਾਂ ਗੁਪਤ ਯੋਗਤਾ ਰਿਪੋਰਟਾਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ।

ਆਮ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਸਲਾਨਾ ਗੁਪਤ ਯੋਗਤਾ ਰਿਪੋਰਟਾਂ ਲਿਖਣ ਸਮੇਂ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ ਜਾਂਦੀ। ਸਿੱਟੇ ਵੱਜੋਂ ਇਸ ਦਫਤਰ ਨੂੰ ਵਾਧੂ ਪੱਤਰ ਵਿਹਾਰ ਕਰਨਾ ਪੈਂਦਾ ਹੈ, ਜਿਸ ਕਾਰਨ ਗੁਪਤ ਯੋਗਤਾ ਰਿਪੋਰਟਾਂ ਨੂੰ ਨੇਪਰੇ ਚਾੜਨ ਲਈ ਬਹੁਤ ਸਮਾਂ ਲੱਗ ਜਾਂਦਾ ਹੈ।

ਸਾਲ 2015-16 ਦੀਆਂ ਗੁਪਤ ਯੋਗਤਾ ਰਿਪੋਰਟਾ ਸਮੇਤ ਪ੍ਰਾਪਰਟੀ ਰਿਟਰਨਾਂ ਭੇਜਣ ਸਮੇਂ ਹਦਾਇਤਾਂ ਨੂੰ ਵੀ ਧਿਆਨ ਵਿੱਚ ਰੱਖਦੇ ਹੋਏ ਮਿਤੀ 30.04.2016 ਤੱਕ ਹਰ ਹਾਲਤ ਵਿੱਚ ਇਸ ਦਫਤਰ ਨੂੰ ਭੇਜੀਆਂ ਜਾਣ ਜੀ। ਮਿੱਥੇ ਸਮੇਂ ਤੋਂ ਬਾਅਦ ਭੇਜੀਆਂ ਰਿਪੋਰਟਾਂ ਵਿੱਚ ਦੇਰੀ ਦੇ ਕਾਰਨ ਸਪਸ਼ਟ ਕੀਤੇ ਜਾਣ ਤਾਂ ਜੋ ਇਹਨਾਂ ਕਾਰਨਾ ਨੂੰ ਉੱਚ ਅਧਿਕਾਰੀਆਂ ਅੱਗੇ ਸਪੱਸ਼ਟ ਕਰਦੇ ਹੋਏ ਗੁਪਤ ਯੋਗਤਾ ਰਿਪੋਰਟਾਂ ਸਵੀਕਾਰ/ਪ੍ਰਵਾਨ ਕਰਵਾਈਆਂ ਜਾ ਸਕਨ ਜੀ।

ਅਧਿਕਾਰੀਆਂ ਵੱਲੋਂ ਗੁਪਤ ਯੋਗਤਾ ਰਿਪੋਰਟਾਂ ਇੰਨੀਸ਼ੀਏਟ/ਰਿਪੋਰਟ/ਰੀਵਿਊ/ਮੰਨਜ਼ੂਰ ਕਰਨ ਸਮੇਂ ਆਪਣੇ ਨਾਂ/ਕੋਡ/ਦਫਤਰ ਦੀ ਮੋਹਰ ਲਗਾਈ ਜਾਣੀ ਸੁਨਿਸ਼ਚਿਤ ਕੀਤੀ ਜਾਵੇ ਜੀ।

ਆਪ ਜੀ ਦੀ ਸੰਸਥਾ ਅਧੀਨ ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਦੀ ਕਿਸੇ ਸਮੇਂ ਦੀ ਗੁਪਤ ਯੋਗਤਾ ਰਿਪੋਰਟ ਲਿਖਣੀ ਨਹੀਂ ਬਣਦੀ ਤਾਂ ਗੁਪਤ ਯੋਗਤਾ ਰਿਪੋਰਟ ਵਿੱਚ ਰਿਪੋਰਟਿੰਗ ਅਫਸਰ ਦਾ ਨਾਮ/ਦਫਤਰ/ਠਹਿਰਾ ਦਾ ਸਮਾਂ ਜਾਂ ਫਿਰ ਅਧਿਕਾਰੀ/ਕਰਮਚਾਰੀ ਵੱਲੋਂ ਆਪਣੀ ਸੈਲਫ ਅਪਰੇਸ਼ਲ ਵਿੱਚ ਤਰੱਕੀ/ਬਦਲੀ ਦੇ ਕੇਸ ਵਿੱਚ ਗੁਪਤ ਯੋਗਤਾ ਰਿਪੋਰਟ ਨਾ ਲਿਖਣ ਦਾ ਸਮਾਂ ਤੇ ਦਫਤਰ ਵੀ ਦਰਸਾਇਆ ਜਾਵੇ। ਅਧਿਕਾਰੀ/ਕਰਮਚਾਰੀ ਦੀ ਸੈਲਫ ਅਪਰੇਸ਼ਲ ਤੇ ਰਿਪੋਰਟਿੰਗ ਤੇ ਪੜਤਾਲੀਆ ਅਧਿਕਾਰੀਆਂ ਵੱਲੋਂ ਆਪਣੀ ਸਹਿਮਤੀ/ਅਸਹਿਮਤੀ ਵੀ ਦਰਸਾਈ ਜਾਵੇ ਜੀ।

ਇਹਨਾਂ ਜ਼ਾਰੀ ਹਦਾਇਤਾਂ ਸਬੰਧੀ ਆਪ ਜੀ ਦੇ ਅਧੀਨ ਕੰਮ ਕਰਦੇ ਸਮੂਹ ਗਜ਼ਟਿਡ ਅਧਿਕਾਰੀਆਂ/ਕਰਮਚਾਰੀਆਂ ਨੂੰ ਜਾਣੂ ਕਰਵਾ ਦਿੱਤਾ ਜਾਵੇ ਜੀ।

12/15/2

ਉਪ ਸਕੱਤਰ/ਅਮਲਾ,
ਪੀ.ਐਸ.ਟੀ.ਸੀ.ਐਲ.,ਪਟਿਆਲਾ।

ਸੀਸੀ/ 1843 ਮਿਤੀ 15.02.2016

ਸੀਨੀ.ਕਾਰਜਕਾਰੀ ਇੰਜੀ:/ਆਈ.ਟੀ., ਪੀ.ਐਸ.ਟੀ.ਸੀ.ਐਲ.,ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਨੂੰ ਪੀ.ਐਸ.ਟੀ.ਸੀ.ਐਲ., ਪਟਿਆਲਾ ਦੀ ਵੈਬਸਾਈਟ ਤੇ ਪਾਇਆ ਜਾਵੇ ਜੀ।